West Midlands cancer alliance

NHS

ਦੁਰਲੱਭ ਚਮੜੀ ਦੇ ਕੈਂਸਰਾਂ ਨੂੰ ਸਮਝਣਾ

Merkel Cell Carcinoma (ਮਰਕਲ ਸੈੱਲ ਕਾਰਸਿਨੋਮਾ)

ਮਰੀਜ਼ਾਂ ਅਤੇ ਪਰਿਵਾਰਾਂ ਲਈ ਜਾਣਕਾਰੀ ਅਤੇ ਸਹਾਇਤਾ



ਇਹ ਪਰਚਾ ਕਿਹੜੀ ਜਾਣਕਾਰੀ ਦਿੰਦਾ ਹੈ

ਇਹ ਪਰਚਾ **Merkel Cell Carcinoma (MCC) (ਮਰਕਲ ਸੈੱਲ ਕਾਰਸਿਨੋਮਾ)** ਅਤੇ ਇਸ ਦੇ ਸੰਭਾਵਿਤ ਇਲਾਜਾਂ ਬਾਰੇ ਜਾਣਕਾਰੀ ਦਿੰਦਾ ਹੈ। ਇਸ ਦਾ ਉਦੇਸ਼ ਤੁਹਾਡੇ ਜਾਂ ਤੁਹਾਡੇ ਨਜ਼ਦੀਕੀ ਲੋਕਾਂ ਦੇ ਮਨ ਵਿੱਚ ਆਉਣ ਵਾਲੇ ਕੁਝ ਸਵਾਲਾਂ ਦੇ ਜਵਾਬ ਦੇਣਾ ਹੈ। ਇਹ ਤੁਹਾਡੀ ਮੈਡੀਕਲ ਟੀਮ ਨਾਲ ਹੋਣ ਵਾਲੀ ਗੱਲਬਾਤ ਦੀ ਥਾਂ ਨਹੀਂ ਲੈਂਦਾ, ਪਰ ਜੋ ਕੁਝ ਤੁਹਾਡੇ ਨਾਲ ਵਿਚਾਰਿਆ ਜਾਂਦਾ ਹੈ, ਉਸ ਨੂੰ ਬਿਹਤਰ ਤਰੀਕੇ ਨਾਲ ਸਮਝਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

ਜੇ ਤੁਹਾਡੀ ਜਾਂਚ ਤੁਹਾਡੇ ਸਥਾਨਕ ਹਸਪਤਾਲ ਵਿੱਚ ਹੋਈ ਹੈ, ਤਾਂ ਤੁਹਾਨੂੰ **MCC** ਦੇ ਇਲਾਜ ਅਤੇ ਪ੍ਰਬੰਧਨ ਵਿੱਚ ਮਾਹਰ ਕਿਸੇ ਵਿਸ਼ੇਸ਼ ਕੇਂਦਰ ਵਿੱਚ ਭੇਜਿਆ ਜਾ ਸਕਦਾ ਹੈ।

ਜੇ ਤੁਹਾਡੇ ਕੋਈ ਹੋਰ ਸਵਾਲ ਹਨ, ਤਾਂ ਕਿਰਪਾ ਕਰਕੇ ਆਪਣੇ **Clinical Nurse Specialist (CNS) (ਕਲੀਨੀਕਲ ਨਰਸ ਸਪੈਸ਼ਲਿਸਟ)** ਨਾਲ ਸੰਪਰਕ ਕਰੋ। ਤੁਹਾਡੇ ਕੋਲ ਉਨ੍ਹਾਂ ਦੇ ਸੰਪਰਕ ਵੇਰਵੇ ਪਹਿਲਾਂ ਹੀ ਹੋਣੇ ਚਾਹੀਦੇ ਹਨ। ਜੇ ਨਹੀਂ ਹਨ, ਤਾਂ ਕਿਰਪਾ ਕਰਕੇ ਆਪਣੇ ਡਾਕਟਰ ਦੇ ਸਕੱਤਰ ਨੂੰ ਉਹ ਵੇਰਵੇ ਦੇਣ ਲਈ ਕਹੋ।

MCC ਕੀ ਹੈ?

ਡਾਕਟਰ ਪਹਿਲਾਂ ਮੰਨਦੇ ਸਨ ਕਿ **MCC** ਚਮੜੀ ਦੇ ਖਾਸ ਸੈੱਲਾਂ, ਜਿਨ੍ਹਾਂ ਨੂੰ **Merkel cells (ਮਰਕਲ ਸੈੱਲ)** ਕਿਹਾ ਜਾਂਦਾ ਹੈ, ਤੋਂ ਸ਼ੁਰੂ ਹੁੰਦਾ ਹੈ। ਇਹ ਸੈੱਲ ਸਾਨੂੰ ਹਲਕੇ ਸਪਰਸ਼ ਨੂੰ ਮਹਿਸੂਸ ਕਰਨ ਵਿੱਚ ਮਦਦ ਕਰਦੇ ਹਨ। ਹਾਲਾਂਕਿ, ਹੁਣ ਮਾਹਰ ਮੰਨਦੇ ਹਨ ਕਿ ਇਹ ਗੱਲ ਸ਼ਾਇਦ ਸਹੀ ਨਾ ਹੋਵੇ। ਵਿਗਿਆਨੀ ਅਜੇ ਵੀ **MCC** ਬਾਰੇ ਸਿੱਖ ਰਹੇ ਹਨ ਅਤੇ ਇਸ ਦੇ ਸ਼ੁਰੂ ਹੋਣ ਦੀ ਥਾਂ ਬਾਰੇ ਵੱਖ-ਵੱਖ ਵਿਚਾਰ ਹਨ। ਭਾਵੇਂ ਸਾਨੂੰ ਇਸ ਦੇ ਬਿਲਕੁਲ ਸ਼ੁਰੂ ਹੋਣ ਦੀ ਥਾਂ ਬਾਰੇ ਪੂਰੀ ਜਾਣਕਾਰੀ ਨਹੀਂ ਹੈ, ਪਰ ਅਸੀਂ ਜਾਣਦੇ ਹਾਂ ਕਿ ਇਸ ਦੀ ਜਾਂਚ ਅਤੇ ਇਲਾਜ ਕਿਵੇਂ ਕਰਨਾ ਹੈ।

MCC ਚਮੜੀ ਦੇ ਕੈਂਸਰ ਦੀ ਇੱਕ ਦੁਰਲੱਭ ਕਿਸਮ ਹੈ, ਜੋ ਚਮੜੀ ਉੱਤੇ ਇੱਕ ਸਖ਼ਤ ਅਤੇ ਬਿਨਾਂ ਦਰਦ ਵਾਲੀ ਗੰਢ ਵਜੋਂ ਦਿਖਾਈ ਦਿੰਦੀ ਹੈ। ਇਹ ਹੋਰ ਕਿਸਮਾਂ ਦੇ ਚਮੜੀ ਦੇ ਕੈਂਸਰਾਂ ਨਾਲੋਂ ਕਾਫ਼ੀ ਘੱਟ ਹੁੰਦਾ ਹੈ ਅਤੇ UK ਵਿੱਚ ਹਰ ਸਾਲ ਇਸ ਦੇ ਸਿਰਫ਼ ਥੋੜ੍ਹੇ ਮਾਮਲੇ ਹੀ ਪਛਾਣੇ ਜਾਂਦੇ ਹਨ। ਇਹ ਬਿਮਾਰੀ ਆਮ ਤੌਰ 'ਤੇ ਵੱਧ ਉਮਰ ਦੇ ਬਾਲਗਾਂ ਵਿੱਚ ਹੁੰਦੀ ਹੈ, ਖਾਸ ਕਰਕੇ 50 ਸਾਲ ਤੋਂ ਵੱਧ ਉਮਰ ਵਾਲਿਆਂ ਵਿੱਚ, ਅਤੇ ਗੋਰੀ ਚਮੜੀ ਵਾਲੇ ਲੋਕਾਂ ਵਿੱਚ ਵਧੇਰੇ ਦੇਖੀ ਜਾਂਦੀ ਹੈ। ਇਹ ਉਹਨਾਂ ਲੋਕਾਂ ਨੂੰ ਵੀ ਵਧੇਰੇ ਪ੍ਰਭਾਵਿਤ ਕਰ ਸਕਦਾ ਹੈ ਜਿਨ੍ਹਾਂ ਦੀ ਰੋਗ-ਪ੍ਰਤੀਰੋਧਕ ਪ੍ਰਣਾਲੀ ਕਮਜ਼ੋਰ ਹੈ,

ਜਿਵੇਂ ਕਿ ਅੰਗ ਟ੍ਰਾਂਸਪਲਾਂਟ ਕਰਵਾਉਣ ਵਾਲੇ ਲੋਕ ਜਾਂ ਰੋਗ-ਪ੍ਰਤੀਰੋਧਕ ਪ੍ਰਣਾਲੀ ਨੂੰ ਦਬਾਉਣ ਵਾਲੀਆਂ ਦਵਾਈਆਂ ਲੈਣ ਵਾਲੇ ਲੋਕ।

MCC ਆਮ ਤੌਰ 'ਤੇ ਚਮੜੀ ਦੇ ਉਹਨਾਂ ਹਿੱਸਿਆਂ 'ਤੇ ਵਿਕਸਿਤ ਹੁੰਦਾ ਹੈ ਜਿਨ੍ਹਾਂ ਨੂੰ ਸੂਰਜ ਦੀਆਂ ਕਿਰਨਾਂ ਦਾ ਕਾਫ਼ੀ ਜ਼ਿਆਦਾ ਸਾਹਮਣਾ ਹੋਇਆ ਹੋਵੇ। ਹਾਲਾਂਕਿ, ਇਹ ਸਰੀਰ ਦੇ ਕਿਸੇ ਵੀ ਹਿੱਸੇ 'ਤੇ ਹੋ ਸਕਦਾ ਹੈ, ਜਿਸ ਵਿੱਚ ਧੜ ਅਤੇ ਬਾਂਹਾਂ-ਲੱਤਾਂ ਵੀ ਸ਼ਾਮਲ ਹਨ। ਇਸ ਕੈਂਸਰ ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਇਹ ਤੇਜ਼ੀ ਨਾਲ ਵੱਧ ਸਕਦਾ ਹੈ ਅਤੇ ਫੈਲਣ ਦੀ ਸੰਭਾਵਨਾ ਰੱਖਦਾ ਹੈ। ਇਸ ਲਈ ਇਸ ਨੂੰ ਜਲਦੀ ਪਛਾਣਨਾ ਅਤੇ ਬਿਨਾਂ ਦੇਰੀ ਦੇ ਇਲਾਜ ਸ਼ੁਰੂ ਕਰਨਾ ਮਹੱਤਵਪੂਰਨ ਹੈ।

ਨਿਸ਼ਾਨੀਆਂ ਅਤੇ ਲੱਛਣ

MCC ਦੀਆਂ ਨਿਸ਼ਾਨੀਆਂ ਅਤੇ ਲੱਛਣਾਂ ਵਿੱਚ ਅਕਸਰ ਚਮੜੀ ਵਿੱਚ ਅਚਾਨਕ ਆਉਣ ਵਾਲੀਆਂ ਤਬਦੀਲੀਆਂ ਸ਼ਾਮਲ ਹੁੰਦੀਆਂ ਹਨ, ਜੋ ਤੇਜ਼ੀ ਨਾਲ ਵੱਧਦੀਆਂ ਹਨ, ਜਿਵੇਂ ਕਿ:

- ਚਮੜੀ ਉੱਤੇ ਇੱਕ ਸਖ਼ਤ ਅਤੇ ਬਿਨਾਂ ਦਰਦ ਵਾਲੀ ਗੰਢ
- ਲਾਲ, ਗੁਲਾਬੀ ਜਾਂ ਜਾਮਨੀ ਰੰਗ ਦੀ ਉਭਰੀ ਹੋਈ ਗੰਢ, ਜੋ ਚਮਕਦਾਰ ਦਿਖਾਈ ਦੇ ਸਕਦੀ ਹੈ
- ਇੱਕ ਅਜਿਹਾ ਦਾਗ਼ ਜੋ ਕੁਝ ਹਫ਼ਤਿਆਂ ਵਿੱਚ ਤੇਜ਼ੀ ਨਾਲ ਵੱਧਦਾ ਹੈ
- ਅਜਿਹਾ ਜ਼ਖ਼ਮ ਜਾਂ ਨਿਸ਼ਾਨ ਜਿਸ ਵਿੱਚੋਂ ਖੂਨ ਆਵੇ ਜਾਂ ਜਿਸ ਵਿੱਚ ਛਾਲਾ/ਜ਼ਖ਼ਮ ਬਣ ਜਾਵੇ

ਇਸ ਦੀ ਜਾਂਚ ਕਿਵੇਂ ਕੀਤੀ ਜਾਂਦੀ ਹੈ?

MCC ਦੀ ਜਾਂਚ ਆਮ ਤੌਰ 'ਤੇ ਕਿਸੇ ਮਾਹਰ ਵੱਲੋਂ ਚਮੜੀ ਦੀ ਜਾਂਚ ਨਾਲ ਸ਼ੁਰੂ ਹੁੰਦੀ ਹੈ। ਜੇ ਮਾਹਰ ਨੂੰ ਚਿੰਤਾ ਹੋਵੇ, ਤਾਂ ਟਿਸ਼ੂ ਦਾ ਇੱਕ ਨਮੂਨਾ (**biopsy (ਬਾਇਓਪਸੀ)**) ਲਿਆ ਜਾਂਦਾ ਹੈ ਅਤੇ ਮਾਈਕ੍ਰੋਸਕੋਪ ਹੇਠ ਇਸ ਦੀ ਜਾਂਚ ਕੀਤੀ ਜਾਂਦੀ ਹੈ, ਕਿਉਂਕਿ ਜਾਂਚ ਦੀ ਪੁਸ਼ਟੀ ਕਰਨ ਦਾ ਇਹੀ ਇੱਕ ਤਰੀਕਾ ਹੈ। ਜਦੋਂ **MCC** ਦੀ ਪਛਾਣ ਹੋ ਜਾਂਦੀ ਹੈ, ਤਾਂ ਇਹ ਪਤਾ ਲਗਾਉਣ ਲਈ ਕਿ ਕੈਂਸਰ ਸਰੀਰ ਦੇ ਕਿਸੇ ਹੋਰ ਹਿੱਸੇ ਵਿੱਚ ਤਾਂ ਨਹੀਂ ਫੈਲਿਆ, ਹੋਰ ਜਾਂਚਾਂ ਜਿਵੇਂ ਕਿ ਸਕੈਨ ਵੀ ਕੀਤੇ ਜਾ ਸਕਦੇ ਹਨ।

ਤੁਹਾਡੀਆਂ ਮੁਲਾਕਾਤਾਂ ਦੌਰਾਨ, ਤੁਸੀਂ ਉਮੀਦ ਕਰ ਸਕਦੇ ਹੋ ਕਿ ਕਲੀਨੀਕਲ ਟੀਮ ਪ੍ਰਕਿਰਿਆ ਦੇ ਹਰ ਪੜਾਅ ਅਤੇ ਜਾਂਚਾਂ ਵਿੱਚ ਕੀ ਕੁਝ ਸ਼ਾਮਲ ਹੈ, ਇਸ ਬਾਰੇ ਤੁਹਾਨੂੰ ਸਮਝਾਏਗੀ। ਤੁਸੀਂ

ਮਾਹਰ ਟੀਮ ਦੇ ਕਈ ਮੈਂਬਰਾਂ ਨੂੰ ਮਿਲ ਸਕਦੇ ਹੋ, ਜਿਨ੍ਹਾਂ ਵਿੱਚ **dermatologists (ਚਮੜੀ ਦੇ ਮਾਹਰ ਡਾਕਟਰ)**, **surgeons (ਸਰਜਨ)**, **oncologists (ਕੈਂਸਰ ਦੇ ਮਾਹਰ ਡਾਕਟਰ)** ਅਤੇ ਤੁਹਾਡਾ **CNS** ਸ਼ਾਮਲ ਹੋ ਸਕਦੇ ਹਨ।

ਤੁਹਾਡੀਆਂ ਸਾਰੀਆਂ ਜਾਂਚਾਂ ਪੂਰੀਆਂ ਹੋਣ ਤੋਂ ਬਾਅਦ, ਤੁਹਾਡੇ ਮਾਮਲੇ ਬਾਰੇ ਇੱਕ **Multidisciplinary Team (MDT) meeting (ਬਹੁ-ਵਿਭਾਗੀ ਟੀਮ ਦੀ ਮੀਟਿੰਗ)** ਵਿੱਚ ਵਿਚਾਰ ਕੀਤਾ ਜਾਵੇਗਾ। ਇਸ ਮੀਟਿੰਗ ਵਿੱਚ ਵੱਖ-ਵੱਖ ਮੈਡੀਕਲ ਮਾਹਰ ਤੁਹਾਡੇ ਨਤੀਜਿਆਂ ਦੀ ਇਕੱਠੇ ਸਮੀਖਿਆ ਕਰਦੇ ਹਨ ਅਤੇ ਤੁਹਾਡੇ ਲਈ ਸਭ ਤੋਂ ਢੁਕਵੇਂ ਇਲਾਜ ਦੀ ਯੋਜਨਾ 'ਤੇ ਸਹਿਮਤ ਹੁੰਦੇ ਹਨ।

ਜਾਂਚਾਂ ਅਤੇ ਮੁਲਾਕਾਤਾਂ ਆਮ ਤੌਰ 'ਤੇ ਜਲਦੀ ਤੈਅ ਕੀਤੀਆਂ ਜਾਂਦੀਆਂ ਹਨ ਅਤੇ ਤੁਹਾਨੂੰ ਉਮੀਦ ਕੀਤੇ ਸਮੇਂ ਬਾਰੇ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। ਇਸ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ **CNS** ਤੁਹਾਡੇ ਲਈ ਸੰਪਰਕ ਦਾ ਇੱਕ ਮਹੱਤਵਪੂਰਨ ਵਿਅਕਤੀ ਰਹੇਗਾ। ਉਹ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਦੇ ਹਨ, ਨਤੀਜਿਆਂ ਨੂੰ ਸਮਝਾਉਣ ਅਤੇ ਇਲਾਜ ਵੱਲ ਅੱਗੇ ਵਧਣ ਵਿੱਚ ਤੁਹਾਡੀ ਸਹਾਇਤਾ ਕਰ ਸਕਦੇ ਹਨ।

ਇਲਾਜ ਦੇ ਵਿਕਲਪ

ਤੁਹਾਨੂੰ ਦਿੱਤਾ ਜਾਣ ਵਾਲਾ ਇਲਾਜ ਇਨ੍ਹਾਂ ਗੱਲਾਂ 'ਤੇ ਨਿਰਭਰ ਕਰਦਾ ਹੈ:

- **MCC** ਕਿੱਥੋਂ ਸ਼ੁਰੂ ਹੋਇਆ ਅਤੇ ਇਸ ਦਾ ਆਕਾਰ ਕਿੰਨਾ ਹੈ
- ਕੀ ਇਹ ਸਰੀਰ ਦੇ ਕਿਸੇ ਹੋਰ ਹਿੱਸੇ ਵਿੱਚ ਫੈਲਿਆ ਹੈ
- ਤੁਹਾਡੀ ਆਮ ਸਿਹਤ ਅਤੇ ਤੰਦਰੁਸਤੀ

MCC ਦਾ ਵੱਖ-ਵੱਖ ਤਰੀਕਿਆਂ ਨਾਲ ਇਲਾਜ ਕੀਤਾ ਜਾ ਸਕਦਾ ਹੈ। ਇਨ੍ਹਾਂ ਵਿੱਚ **surgery (ਸਰਜਰੀ)**, **radiotherapy (ਰੇਡੀਓਥੈਰੇਪੀ)**, **chemotherapy (ਕੀਮੋਥੈਰੇਪੀ)**, **immunotherapy (ਇਮਿਊਨੋਥੈਰੇਪੀ)** ਜਾਂ ਕਈ ਵਾਰ ਇਨ੍ਹਾਂ ਇਲਾਜਾਂ ਦਾ ਸੁਮੇਲ ਸ਼ਾਮਲ ਹੁੰਦਾ ਹੈ। ਜੇ ਲੋੜ ਹੋਈ ਤਾਂ ਤੁਹਾਨੂੰ ਇਲਾਜ ਬਾਰੇ ਹੋਰ ਜਾਣਕਾਰੀ ਦਿੱਤੀ ਜਾਵੇਗੀ।

ਜੇ ਕੋਈ **clinical trial (ਕਲੀਨੀਕਲ ਟ੍ਰਾਇਲ)** ਉਪਲਬਧ ਹੋਵੇ ਅਤੇ ਤੁਹਾਡੇ ਲਈ ਢੁਕਵਾਂ ਹੋਵੇ, ਤਾਂ ਤੁਹਾਨੂੰ ਇਸ ਵਿੱਚ ਸ਼ਾਮਲ ਹੋਣ ਲਈ ਵੀ ਵਿਚਾਰਿਆ ਜਾ ਸਕਦਾ ਹੈ। ਜੇ ਅਜਿਹਾ ਹੋਵੇ,

ਤਾਂ ਟੀਮ ਤੁਹਾਨੂੰ ਇਸ ਬਾਰੇ ਵੇਰਵੇ ਸਮਝਾਏਗੀ ਤਾਂ ਜੋ ਤੁਸੀਂ ਫੈਸਲਾ ਕਰ ਸਕੋ ਕਿ ਤੁਸੀਂ ਇਸ ਵਿੱਚ ਹਿੱਸਾ ਲੈਣਾ ਚਾਹੁੰਦੇ ਹੋ ਜਾਂ ਨਹੀਂ।

ਤੁਹਾਡੀ ਸਿਹਤ ਸੰਭਾਲ ਟੀਮ ਤੁਹਾਡੇ ਲਈ ਸਭ ਤੋਂ ਢੁਕਵੇਂ ਇਲਾਜ ਦੇ ਤਰੀਕੇ ਦੀ ਸਿਫ਼ਾਰਸ਼ ਕਰੇਗੀ।

ਇਲਾਜ ਤੋਂ ਬਾਅਦ / Follow Up (ਫਾਲੋ-ਅੱਪ)

MCC ਦੇ ਇਲਾਜ ਤੋਂ ਬਾਅਦ, ਅਗਲੇ ਪੰਜ ਸਾਲਾਂ ਦੌਰਾਨ ਤੁਹਾਡੀ ਮਾਹਰ ਟੀਮ ਵੱਲੋਂ ਨਿਯਮਿਤ ਤੌਰ 'ਤੇ ਤੁਹਾਡੀ ਨਿਗਰਾਨੀ ਕੀਤੀ ਜਾਵੇਗੀ। **Follow-up (ਫਾਲੋ-ਅੱਪ)** ਮੁਲਾਕਾਤਾਂ ਆਮ ਤੌਰ 'ਤੇ ਪਹਿਲੇ ਕੁਝ ਸਾਲਾਂ ਵਿੱਚ ਵਧੇਰੇ ਹੁੰਦੀਆਂ ਹਨ, ਕਿਉਂਕਿ ਇਸ ਸਮੇਂ ਕੈਂਸਰ ਦੇ ਮੁੜ ਆਉਣ ਦਾ ਖਤਰਾ ਸਭ ਤੋਂ ਵੱਧ ਹੁੰਦਾ ਹੈ। ਇਨ੍ਹਾਂ ਮੁਲਾਕਾਤਾਂ ਵਿੱਚ ਸਰੀਰਕ ਜਾਂਚ, ਚਮੜੀ ਅਤੇ **lymph nodes (ਲਿੰਫ ਨੋਡਜ਼)** ਦੀ ਜਾਂਚ ਅਤੇ ਕਦੇ-ਕਦੇ ਸਕੈਨ ਵੀ ਸ਼ਾਮਲ ਹੋ ਸਕਦੇ ਹਨ, ਜੇ ਤੁਹਾਡੀ ਟੀਮ ਨੂੰ ਲੱਗੇ ਕਿ ਇਹ ਜ਼ਰੂਰੀ ਹਨ। ਇਸ ਪੂਰੇ ਸਮੇਂ ਦੌਰਾਨ ਤੁਹਾਡਾ **CNS** ਸੰਪਰਕ ਦਾ ਇੱਕ ਮਹੱਤਵਪੂਰਨ ਵਿਅਕਤੀ ਰਹੇਗਾ ਅਤੇ ਉਹ ਮੁਲਾਕਾਤਾਂ ਦਾ ਪ੍ਰਬੰਧ ਕਰਨ ਅਤੇ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਵਿੱਚ ਮਦਦ ਕਰ ਸਕਦੇ ਹਨ।

ਤੁਹਾਡੀ ਟੀਮ ਤੁਹਾਨੂੰ ਘਰ ਵਿੱਚ ਆਪਣੀ ਚਮੜੀ ਅਤੇ **lymph nodes (ਲਿੰਫ ਨੋਡਜ਼)** ਦੀ ਨਿਯਮਿਤ ਤੌਰ 'ਤੇ ਜਾਂਚ ਕਰਨ ਬਾਰੇ ਸਿਖਾਏਗੀ ਅਤੇ ਇਸ ਲਈ ਉਤਸ਼ਾਹਿਤ ਕਰੇਗੀ। ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦਿਓ:

• ਪਹਿਲਾਂ ਪ੍ਰਭਾਵਿਤ ਹੋਇਆ ਹਿੱਸਾ ਦਰਦਨਾਕ ਜਾਂ ਸੁੱਜ ਜਾਂਦਾ ਹੈ, ਜਾਂ ਉਸ ਦੀ ਦਿੱਖ ਵਿੱਚ ਅਚਾਨਕ ਤਬਦੀਲੀ ਆਉਂਦੀ ਹੈ

• ਸਰੀਰ 'ਤੇ ਕਿਸੇ ਵੀ ਥਾਂ ਕੋਈ ਗੰਢ ਤੇਜ਼ੀ ਨਾਲ ਵੱਡੀ ਹੁੰਦੀ ਹੈ, ਤੇਜ਼ੀ ਨਾਲ ਵਧਦੀ ਹੈ ਜਾਂ ਚਮੜੀ ਵਿੱਚ ਕੋਈ ਅਸਧਾਰਨ ਤਬਦੀਲੀ ਹੁੰਦੀ ਹੈ, ਭਾਵੇਂ ਇਹ ਪਹਿਲਾਂ ਵਾਲੀ ਥਾਂ ਦੇ ਨੇੜੇ ਨਾ ਵੀ ਹੋਵੇ

• ਤੁਸੀਂ ਨੇੜੇ ਕੋਈ ਨਵੀਂ ਗੰਢ ਮਹਿਸੂਸ ਕਰਦੇ ਹੋ, ਜਿਵੇਂ ਕਿ **lymph nodes (ਲਿੰਫ ਨੋਡਜ਼)** ਵਿੱਚ

ਜੇ ਤੁਹਾਨੂੰ ਉੱਪਰ ਦਿੱਤੇ ਲੱਛਣਾਂ ਵਿੱਚੋਂ ਕੋਈ ਵੀ ਨਜ਼ਰ ਆਉਂਦਾ ਹੈ ਜਾਂ ਕੋਈ ਹੋਰ ਗੱਲ ਤੁਹਾਨੂੰ ਚਿੰਤਤ ਕਰਦੀ ਹੈ, ਤਾਂ ਹੋਰ ਸਲਾਹ ਲਈ ਆਪਣੇ **CNS** ਨਾਲ ਸੰਪਰਕ ਕਰੋ। ਭਾਵੇਂ ਤੁਹਾਨੂੰ ਯਕੀਨ ਨਾ ਹੋਵੇ ਕਿ ਕੋਈ ਤਬਦੀਲੀ ਮਹੱਤਵਪੂਰਨ ਹੈ ਜਾਂ ਨਹੀਂ, ਫਿਰ ਵੀ ਇਸ ਦੀ ਜਾਂਚ

ਕਰਵਾਉਣਾ ਹਮੇਸ਼ਾ ਬਿਹਤਰ ਹੁੰਦਾ ਹੈ। ਤੁਹਾਡੀ ਟੀਮ ਤੁਹਾਡੀ ਸਹਾਇਤਾ ਲਈ ਮੌਜੂਦ ਹੈ ਅਤੇ ਉਹ ਚਾਹੁੰਦੀ ਹੈ ਕਿ ਤੁਸੀਂ ਕਿਸੇ ਵੀ ਚਿੰਤਾ ਬਾਰੇ ਜਲਦੀ ਉਨ੍ਹਾਂ ਨਾਲ ਸੰਪਰਕ ਕਰੋ।

West Midlands Skin Cancer services / Trusts

ਵੈਸਟ ਮਿਡਲੈਂਡਜ਼ ਵਿੱਚ Skin Cancer (ਚਮੜੀ ਦੇ ਕੈਂਸਰ) ਸੇਵਾਵਾਂ / NHS Trusts (NHS ਟਰੱਸਟ)

Queen Elizabeth Hospital Birmingham (part of University Hospitals Birmingham - UHB) Headquarters Address: Queen Elizabeth Hospital Birmingham, Mindelsohn Way, Edgbaston, Birmingham, B15 2GW Main switchboard: 0121 371 2000 Website: https://www.uhb.nhs.uk/	Skin Cancer Nursing Team: 0121 371 6777 Email address: QEskincancerCNS@uhb.nhs.uk
Solihull, Good Hope and Heartlands Hospitals (part of University Hospital Birmingham - UHB) Solihull Hospital, Lode Lane, Solihull, B91 2JL Good Hope Hospital, Rectory Road, Sutton Coldfield, Birmingham, B75 7RR Heartlands Hospital, Bordesley Green, Birmingham, B9 5SS Main switchboard for all 3 Trusts: 0121 424 2000	Skin Cancer Nursing Team: 0121 424 4523 Email address: hgsskincancercns@uhb.nhs.uk

Sandwell and West Birmingham Hospitals NHS Trust Address: Sandwell General Hospital, Lyndon, West Bromwich, B71 4HJ Switchboard: 0121 553 1831 Website: https://www.swbh.nhs.uk/	Skin Cancer Nursing Team: 0121 507 4493
Shrewsbury and Telford Hospital NHS Trust (SaTH) Address: Mytton Oak Road, Shrewsbury, SY3 8XQ Main switchboard: 01743 261000 Website: https://www.sath.nhs.uk/	Skin Cancer Nursing Team: 01743 261267 (answerphone) or 01743 261107 (secretaries if urgent) Email address: sath.skincancernurses@nhs.net
South Warwickshire University NHS Foundation Trust Address: Warwick Hospital, Lakin Road, Warwick, CV34 5BW Website: https://www.swft.nhs.uk/	Skin Cancer Nursing Team: 01926 495321 Ext: 8284
The Dudley Group NHS Foundation Trust Address: Russells Hall Hospital, Pensnett Road, Dudley, DY1 2HQ Main switchboard: 01384 456111 Website: https://www.dgft.nhs.uk/	Skin Cancer Nursing Team: 01384 456 111 ext 3088

The Royal Wolverhampton NHS Trust Address: New Cross Hospital, Wolverhampton Road, Heath Town, Wolverhampton, WV10 0QP Main switchboard: 01902 307999 Website: https://www.royalwolverhampton.nhs.uk/	Skin Cancer Nursing Team: 01902 307999 ext 88583 Monday-Friday 8.30-4.30
University Hospitals Coventry & Warwickshire (UHCW) Address: University Hospital, Clifford Bridge Road, Coventry, CV2 2DX Main switchboard: 02476 964000 Website: https://www.uhcw.nhs.uk/	Skin Cancer Nursing Team: 02476 966085
University Hospitals of North Midlands (UHNM) Address: Royal Stoke University Hospital, Newcastle Road, Stoke-on-Trent, ST4 6QG Main switchboard: 01782 715444 Website https://www.uhnm.nhs.uk/	Skin Cancer Nursing Team: 01782 676266

Walsall Healthcare NHS Trust Address: Walsall Healthcare NHS Trust, Manor Hospital, Moat Road, Walsall, WS2 9PS Main switchboard: 01922 721172 Website: https://www.walsallhealthcare.nhs.uk/	Skin Cancer Nursing Team: 01922 603223 Email address: wht.skincancerpatientsupport@nhs.net
Worcestershire Acute Hospitals NHS Trust Address: Worcestershire Royal Hospital, Charles Hastings Way, Worcester, WR5 1DD Main switchboard: 01905 763333 Website: https://www.worcsacute.nhs.uk/	Skin Cancer Nursing Team: 01905 733876
Wye Valley NHS Trust Address: The County Hospital, Union Walk, Hereford, HR1 2ER Main switchboard: 01432 355444 Website: https://www.wyevalley.nhs.uk/	Skin Cancer Nursing Team: 01432 378942

ਮਰੀਜ਼ਾਂ ਲਈ ਵਾਧੂ ਸਰੋਤ:

MCC Online Support Group (International) (MCC ਆਨਲਾਈਨ ਸਹਾਇਤਾ ਸਮੂਹ – ਅੰਤਰਰਾਸ਼ਟਰੀ) – MCC ਲਈ ਸਹਾਇਤਾ ਸਰੋਤ

ਆਮ ਕੈਂਸਰ ਸਹਾਇਤਾ ਲਈ ਵਾਧੂ ਸੇਵਾਵਾਂ:

Macmillan Cancer Support (ਮੈਕਮਿਲਨ ਕੈਂਸਰ ਸਹਾਇਤਾ) – www.macmillan.org.uk

Cancer Support UK (ਕੈਂਸਰ ਸਹਾਇਤਾ UK) – https://cancersupportuk.org/

Cancer Research UK (ਕੈਂਸਰ ਰਿਸਰਚ UK) – Cancer Research UK

NIHR Be Part of Research (NIHR ਖੋਜ ਦਾ ਹਿੱਸਾ ਬਣੋ) –

West Midlands Cancer Alliance – ਮਰੀਜ਼ਾਂ ਅਤੇ ਆਮ ਲੋਕਾਂ ਲਈ ਸਰੋਤ
Patient and Public Resources – West Midlands Cancer Alliance

West Midlands Cancer Alliance – Skin (ਚਮੜੀ)
West Midlands Cancer Alliance – Skin

Designed & Produced by the Department of Clinical Illustration,
New Cross Hospital, Wolverhampton, WV10 0QP Tel: 01902 695377.

Review Date 30.07.29 MI_16407114_31.07.26_V_2